# 2021-22 ਮੰਡੀਕਰਨ ਮੌਸਮ ਦੌਰਾਨ ਭਾਰਤ ਵਿੱਚ ਸਾਉਣੀ ਦੀਆਂ ਦਾਲਾਂ ਦੇ ਬਜ਼ਾਰ ਭਾਅ ਐਮ ਐਸ ਪੀ ਤੋਂ ਹੇਠਾਂ ਰਹੇ

ਭਾਰਤ ਸਰਕਾਰ ਦੇ ਖੇਤੀਬਾੜੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਆਪਣੀ 'ਸਾਉਣੀ ਦੀਆਂ ਫ਼ਸਲਾਂ ਲਈ ਮੁੱਲ ਨੀਤੀ: 2022-23 ਮੰਡੀਕਰਨ ਮੌਸਮ' ਵਿੱਚ ਕਿਹਾ ਹੈ ਕਿ ਸਾਉਣੀ ਦੀਆਂ ਦਾਲਾਂ — ਅਰਹਰ, ਮੂੰਗੀ ਅਤੇ ਮਾਂਹ — ਦੇ ਬਾਜ਼ਾਰ ਭਾਅ ਸਾਉਣੀ ਮੰਡੀਕਰਨ ਮੌਸਮ 2021-22 ਦੌਰਾਨ ਜ਼ਿਆਦਾਤਰ ਦਿਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਤੋਂ ਥੱਲੇ ਰਹੇ।

ਭਾਰਤ ਸਰਕਾਰ ਨੇ 8 ਜੂਨ, 2022 ਨੂੰ ਸਾਉਣੀ ਮੰਡੀਕਰਨ ਮੌਸਮ 2022-23 ਲਈ ਅਰਹਰ, ਮੂੰਗੀ ਅਤੇ ਮਾਂਹ ਦੇ ਲਈ ਕ੍ਰਮਵਾਰ 6,600 ਰੁਪਏ ਪ੍ਰਤੀ ਕੁਇੰਟਲ, 7,755 ਰੁਪਏ ਪ੍ਰਤੀ ਕੁਇੰਟਲ ਅਤੇ 6,600 ਰੁਪਏ ਪ੍ਰਤੀ ਕੁਇੰਟਲ ਦਾ ਐਲਾਨ ਕੀਤਾ ਸੀ।

### 2022-23 ਖਰੀਫ ਮੰਡੀਕਰਨ ਮੌਸਮ ਦੌਰਾਨ ਸਰਕਾਰੀ ਖ਼ਰੀਦ ਲਈ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ

| ਫ਼ਸਲ | ਐੱਮ ਐੱਸ ਪੀ 2022-23 (ਰੁਪਏ/ਕੁਇੰਟਲ) | ਐੱਮ ਐੱਸ ਪੀ 2021-22 (ਰੁਪਏ/ਕੁਇੰਟਲ) | ਵਾਧਾ (ਰੁਪਏ/ਕੁਇੰਟਲ) | ਵਾਧਾ (ਫ਼ੀਸਦੀ) |
|---|---|---|---|---|
| ਤੂਰ (ਅਰਹਰ) | 6,600 | 6300 | 300 | 4.76% |
| ਮੂੰਗ | 7,755 | 7275 | 480 | 6.59% |
| ਉੜਦ (ਮਾਂਹ) | 6,600 | 6300 | 300 | 4.76% |

ਬਜ਼ਾਰ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਦੇ ਹੋਏ, ਸੀ ਏ ਸੀ ਪੀ ਨੇ ਕਿਹਾ ਕਿ ਸਾਉਣੀ ਮੰਡੀਕਰਨ ਮੌਸਮ 2017-18 ਤੋਂ ਸਾਉਣੀ ਮੰਡੀਕਰਨ ਮੌਸਮ 2020-21 ਤੱਕ ਅਰਹਰ ਦੀਆਂ ਕੀਮਤਾਂ ਐਮ ਐਸ ਪੀ ਤੋਂ ਹੇਠਾਂ ਰਹੀਆਂ। ਕਮਿਸ਼ਨ ਨੇ ਕਿਹਾ ਕਿ ਦੇਸ਼ ਵਿੱਚ ਦਾਲਾਂ ਦੀ ਪੈਦਾਵਾਰ ਵਿੱਚ ਵਾਧੇ ਅਤੇ ਵੱਧ ਦਰਾਮਦ ਕਾਰਨ ਅਰਹਰ ਦੀਆਂ ਬਜ਼ਾਰੀ ਕੀਮਤਾਂ ਵਿੱਚ ਗਿਰਾਵਟ ਆਈ। ਸਾਉਣੀ ਮੰਡੀਕਰਨ ਮੌਸਮ 2021-22 ਵਿੱਚ ਅਰਹਰ ਦੀਆਂ ਬਜ਼ਾਰ ਕੀਮਤਾਂ ਅਤੇ ਐਮ ਐਸ ਪੀ ਵਿੱਚ ਅੰਤਰ -8.5% ਸੀ।

ਸਾਉਣੀ ਮੰਡੀਕਰਨ ਮੌਸਮ 2021-22 ਦੌਰਾਨ, ਮੁੱਖ-ਉਤਪਾਦਕ ਰਾਜਾਂ ਵਿੱਚ ਜ਼ਿਆਦਾਤਰ ਦਿਨਾਂ ਲਈ ਅਰਹਰ ਦੀਆਂ ਮਾਰਕੀਟ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਰਹੀਆਂ। ਕੀਮਤਾਂ ਵਿੱਚ ਅੰਤਰ ਮੱਧ ਪ੍ਰਦੇਸ਼ (-20.3%) ਵਿੱਚ ਸਭ ਤੋਂ ਵੱਧ ਸੀ, ਉਸ ਤੋਂ ਬਾਅਦ ਗੁਜਰਾਤ (-12.3%), ਕਰਨਾਟਕ (-6.3%) ਅਤੇ ਮਹਾਰਾਸ਼ਟਰ (-6.1%) ਰਹੇ।

### ਸਾਉਣੀ ਮੰਡੀਕਰਨ ਮੌਸਮ 2021-22 ਵਿੱਚ ਮੁੱਖ ਉਤਪਾਦਕ ਰਾਜਾਂ ਵਿੱਚ ਐਮ ਐਸ ਪੀ ਦੇ ਮੁਕਾਬਲੇ ਅਰਹਰ ਦੇ ਬਾਜ਼ਾਰ ਭਾਅ

| ਰਾਜ | ਬਾਜ਼ਾਰ ਭਾਅ ਦਰਜ ਕੀਤੇ ਗਏ ਦਿਨਾਂ ਦੀ ਗਿਣਤੀ | ਬਾਜ਼ਾਰ ਭਾਅ ਐਮ ਐਸ ਪੀ ਤੋਂ ਵੱਧ ਰਹੇ ਦਿਨਾਂ ਦੀ ਗਿਣਤੀ | ਬਾਜ਼ਾਰ ਭਾਅ ਅਤੇ ਐਮ ਐਸ ਪੀ ਵਿਚਕਾਰ ਔਸਤ ਫ਼ਰਕ (%) |
|---|---|---|---|
| ਗੁਜਰਾਤ | 130 | 1 | -12.3 |
| ਕਰਨਾਟਕ | 127 | 11 | -6.3 |
| ਮੱਧ ਪ੍ਰਦੇਸ਼ | 144 | 5 | -20.3 |
| ਮਹਾਰਾਸ਼ਟਰ | 148 | 5 | -6.1 |
| ਉੱਤਰ ਪ੍ਰਦੇਸ਼ | 151 | 58 | -0.9 |

**ਸ੍ਰੋਤ:** 1. ਅਰਥ ਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ

2. ਐਗਮਾਰਕਨੈਟ, ਮੰਡੀਕਰਨ ਅਤੇ ਨਿਰੀਖਣ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ; ਔਸਤ ਘਰੇਲੂ ਬਾਜ਼ਾਰ ਦੀਆਂ ਕੀਮਤਾਂ ਦੀ ਗਣਨਾ ਕਰਨ ਲਈ

ਮੂੰਗੀ ਲਈ, ਸਾਉਣੀ ਮੰਡੀਕਰਨ ਮੌਸਮ 2021-22 ਦੌਂਰਾਨ ਬਾਜ਼ਾਰ ਭਾਅ ਅਤੇ ਐਮ ਐਸ ਪੀ ਵਿਚਕਾਰ ਅੰਤਰ -16.8% ਸੀ। ਸਾਉਣੀ ਮੰਡੀਕਰਨ ਮੌਸਮ 2021-22 ਦੌਰਾਨ, ਮਹਾਰਾਸ਼ਟਰ ਨੂੰ ਛੱਡ ਕੇ ਮੁੱਖ ਉਤਪਾਦਕ ਰਾਜਾਂ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਜ਼ਿਆਦਾਤਰ ਦਿਨਾਂ ਦੌਰਾਨ ਮੂੰਗੀ ਦਾ ਬਾਜ਼ਾਰ ਭਾਅ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਰਿਹਾ। ਮੂੰਗੀ ਦੀ ਔਸਤ ਕੀਮਤ ਵਿੱਚ ਅੰਤਰ ਰਾਜਸਥਾਨ ਵਿੱਚ -20.6%, ਮੱਧ ਪ੍ਰਦੇਸ਼ ਵਿੱਚ -16.3% ਅਤੇ ਮਹਾਰਾਸ਼ਟਰ ਵਿੱਚ -4.4% ਸੀ।

**ਸਾਉਣੀ ਮੰਡੀਕਰਨ ਮੌਸਮ 2021-22 ਵਿੱਚ ਮੁੱਖ ਉਤਪਾਦਕ ਰਾਜਾਂ ਵਿੱਚ ਐਮ ਐਸ ਪੀ ਦੇ ਮੁਕਾਬਲੇ ਮੂੰਗੀ ਦੇ ਬਾਜ਼ਾਰ ਭਾਅ**

| **ਰਾਜ** | **ਬਾਜ਼ਾਰ ਭਾਅ ਦਰਜ ਕੀਤੇ ਗਏ ਦਿਨਾਂ ਦੀ ਗਿਣਤੀ** | **ਬਾਜ਼ਾਰ ਭਾਅ ਐਮ ਐਸ ਪੀ ਤੋਂ ਵੱਧ ਰਹੇ ਦਿਨਾਂ ਦੀ ਗਿਣਤੀ** | **ਬਾਜ਼ਾਰ ਭਾਅ ਅਤੇ ਐਮ ਐਸ ਪੀ ਵਿਚਕਾਰ ਔਸਤ ਫ਼ਰਕ (%)** |
|---|---|---|---|
| ਮਹਾਰਾਸ਼ਟਰ | 144 | 46 | -4.4 |
| ਰਾਜਸਥਾਨ | 150 | 0 | -20.6 |
| ਮੱਧ ਪ੍ਰਦੇਸ਼ | 138 | 0 | -16.3 |

**ਸ੍ਰੋਤ:** 1. ਅਰਥ ਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ

2. ਐਗਮਾਰਕਨੈਟ, ਮੰਡੀਕਰਨ ਅਤੇ ਨਿਰੀਖਣ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ; ਔਸਤ ਘਰੇਲੂ ਬਾਜ਼ਾਰ ਦੀਆਂ ਕੀਮਤਾਂ ਦੀ ਗਣਨਾ ਕਰਨ ਲਈ

ਮਾਂਹ ਦੇ ਲਈ, ਸਾਉਣੀ ਮੰਡੀਕਰਨ ਮੌਸਮ 2019-20 ਵਿੱਚ ਬਾਜ਼ਾਰ ਕੀਮਤਾਂ ਅਤੇ ਐਮ ਐਸ ਪੀ ਵਿਚਕਾਰ ਅੰਤਰ -8.9% ਸੀ, ਜਿਹੜਾ ਕਿ ਸਾਉਣੀ ਮੰਡੀਕਰਨ ਮੌਸਮ 2020-21 ਵਿੱਚ ਸੁਧਰ ਕੇ 2.3% ਤੱਕ ਹੋ ਗਿਆ। ਸੀ ਏ ਸੀ ਪੀ ਨੇ ਕਿਹਾ ਕਿ ਬਾਜ਼ਾਰ ਕੀਮਤਾਂ ਵਿੱਚ ਵੱਡੀ ਕਮੀ ਦੇ ਕਾਰਨ ਸਾਉਣੀ ਮੰਡੀਕਰਨ ਮੌਸਮ 2021-22 ਵਿੱਚ ਇਹ ਅੰਤਰ ਫਿਰ ਵਧ ਕੇ -16.9% ਹੋ ਗਿਆ।

ਸਾਉਣੀ ਮੰਡੀਕਰਨ ਮੌਸਮ 2020-21 ਦੌਰਾਨ, ਉੱਤਰ ਪ੍ਰਦੇਸ਼ ਨੂੰ ਛੱਡ ਕੇ ਸਾਰੇ ਪ੍ਰਮੁੱਖ ਉਦਪਾਦਕ ਰਾਜਾਂ ਵਿੱਚ ਮਾਂਹ ਦੇ ਬਾਜ਼ਾਰ ਭਾਅ ਹੇਠਾਂ ਰਹੇ। ਮਾਂਹ ਦੀਆਂ ਔਸਤ ਬਾਜ਼ਾਰ ਕੀਮਤਾਂ ਯੂ ਪੀ ਵਿੱਚ ਘੱਟੋ-ਘੱਟ ਸਮਰਥਨ ਮੁੱਲ ਤੋਂ 4.8% ਉੱਪਰ ਸੀ, ਜਦੋਂ ਕਿ ਮੱਧ ਪ੍ਰਦੇਸ਼ (-24%), ਰਾਜਸਥਾਨ (-14.5%), ਤਾਮਿਲਨਾਡੂ (-13.8%) ਅਤੇ ਮਹਾਰਾਸ਼ਟਰ (-13.2) ਵਿੱਚ ਇਹ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਸੀ।

**ਸਾਉਣੀ ਮੰਡੀਕਰਨ ਮੌਸਮ 2021-22 ਵਿੱਚ ਮੁੱਖ ਉਤਪਾਦਕ ਰਾਜਾਂ ਵਿੱਚ ਐਮ ਐਸ ਪੀ ਦੇ ਮੁਕਾਬਲੇ ਮਾਂਹ ਦੇ ਬਾਜ਼ਾਰ ਭਾਅ**

| **ਰਾਜ** | **ਬਾਜ਼ਾਰ ਭਾਅ ਦਰਜ ਕੀਤੇ ਗਏ ਦਿਨਾਂ ਦੀ ਗਿਣਤੀ** | **ਬਾਜ਼ਾਰ ਭਾਅ ਐਮ ਐਸ ਪੀ ਤੋਂ ਵੱਧ ਰਹੇ ਦਿਨਾਂ ਦੀ ਗਿਣਤੀ** | **ਬਾਜ਼ਾਰ ਭਾਅ ਅਤੇ ਐਮ ਐਸ ਪੀ ਵਿਚਕਾਰ ਔਸਤ ਫ਼ਰਕ (%)** |
|---|---|---|---|
| ਮੱਧ ਪ੍ਰਦੇਸ਼ | 150 | 4 | -24 |
| ਮਹਾਰਾਸ਼ਟਰ | 144 | 4 | -13.2 |
| ਰਾਜਸਥਾਨ | 134 | 9 | -14.5 |
| ਤਾਮਿਲਨਾਡੂ | 85 | 26 | -13.8 |
| ਉੱਤਰ ਪ੍ਰਦੇਸ਼ | 151 | 130 | 4.8 |

**ਸ੍ਰੋਤ:** 1. ਅਰਥ ਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ

2. ਐਗਮਾਰਕਨੈਟ, ਮੰਡੀਕਰਨ ਅਤੇ ਨਿਰੀਖਣ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ; ਔਸਤ ਘਰੇਲੂ ਬਾਜ਼ਾਰ ਦੀਆਂ ਕੀਮਤਾਂ ਦੀ ਗਣਨਾ ਕਰਨ ਲਈ

## ਸਾਉਣੀ ਦੀਆਂ ਦਾਲਾਂ ਦੀ ਪੈਦਾਵਾਰ ਘੱਟ ਹੋਣ ਦਾ ਅਨੁਮਾਨ

ਸੀ ਏ ਸੀ ਪੀ ਨੇ ਆਪਣੀ ਕੀਮਤ ਨੀਤੀ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤ ਵਿੱਚ 2021-22 ਵਿੱਚ ਸਾਉਣੀ ਦਾਲਾਂ ਦਾ ਉਤਪਾਦਨ 86 ਲੱਖ ਟਨ ਹੋਣ ਦਾ ਅਨੁਮਾਨ ਹੈ, ਜਿਹੜਾ ਕਿ ਇਸਦੇ 98.2 ਲੱਖ ਟਨ ਦੇ ਟੀਚੇ ਤੋਂ 12% ਘੱਟ ਹੈ। ਸਾਉਣੀ ਦੀਆਂ ਦਾਲਾਂ ਵਿੱਚੋਂ ਅਰਹਰ ਦਾ ਉਤਪਾਦਨ 40 ਲੱਖ ਟਨ ਹੋਣ ਦਾ ਅਨੁਮਾਨ ਹੈ, ਜਿਹੜਾ ਕਿ 2020-21 ਦੇ ਮੁਕਾਬਲੇ 7% (43 ਲੱਖ ਟਨ) ਘੱਟ ਹੈ। ਸੀ ਏ ਸੀ ਪੀ ਦੀ ਰਿਪੋਰਟ ਦੇ ਅਨੁਸਾਰ, 2020-21 ਦੇ ਮੁਕਾਬਲੇ 2021-22 ਵਿੱਚ ਮਾਂਹ ਦੇ ਉਤਪਾਦਨ ਵਿੱਚ 19% ਸੁਧਾਰ ਹੋਣ ਦਾ ਅਨੁਮਾਨ ਹੈ ਪਰ ਇਹ ਫਿਰ ਵੀ 35.3 ਲੱਖ ਟਨ ਦੇ ਟੀਚੇ ਤੋਂ 25% ਘੱਟ ਹੈ। ਭਾਰਤ ਵਿੱਚ ਮੂੰਗੀ ਦਾ ਉਤਪਾਦਨ 30.6 ਲੱਖ ਟਨ ਹੋਣ ਦਾ ਅਨੁਮਾਨ ਹੈ, ਜਿਹੜਾ ਕਿ 2020-21 ਵਿੱਚ 30.9 ਲੱਖ ਟਨ ਦੇ ਮੁਕਾਬਲੇ ਮਾਮੂਲੀ ਘੱਟ ਹੈ।